# ਦਫ਼ਤਰ ਨਗਰ ਨਿਗਮ ਹੁਸ਼ਿਆਪੁਰ

## ਪ੍ਰੈਸ ਨੋਟ

## ਨਗਰ ਨਿਗਮ ਦੀਆਂ ਸਟ੍ਰੀਟ ਲਾਈਟਾਂ ਤੋ ਨਜਾਇਜ ਕੁਨੈਕਸ਼ਨ ਲਗਾਉਣ ਵਾਲੀਆਂ ਸਸੰਥਾਵਾ ਨੂੰ ਕੀਤਾ ਜਾਵੇਗਾ ਜੁਰਮਾਨਾ....... ਕਾਰਜ ਸਾਧਕ ਅਫਸਰ ਰਮੇਸ਼ ਕੁਮਾਰ

ਹੁਸ਼ਿਆਰਪੁਰ 30 ਸਤੰਬਰ ਨਗਰ ਨਿਗਮ ਦੇ ਕਾਰਜ ਸਾਧਕ ਅਫਸਰ ਰਮੇਸ਼ ਕੁਮਾਰ ਨੇ ਜਾਣਕਾਰੀ ਦਿਦਿੰਆ ਦਸਿੱਆ ਕਿ ਆਮ ਤੋਰ ਤੇ ਸ਼ਹਿਰ ਵਿੱਚ ਵੱਖ ਵੱਖ ਸੰਸਥਾਵਾਂ ਵੱਲੋਂ ਆਪਣੇ ਪ੍ਰੋਗਰਾਮਾਂ ਦੇ ਆਯੋਜਨ ਦੋਰਾਨ ਨਗਰ ਨਿਗਮ ਦੀ ਸਟ੍ਰੀਟ ਲਾਈਟ ਦੀਆਂ ਤਾਰਾਂ ਨਾਲ ਸਾਊਡ ਸਿਸਟਮ ਹੈਲੋਜਨ ਲਾਈਟਾਂ ਅਤੇ ਬਿਜਲੀ ਦੀਆਂ ਲੜੀਆਂ ਆਦਿ ਦਾ ਨਜਾਇਜ ਤੋਰ ਤੇ ਕੂਨੈਕਸ਼ਨ ਕਰ ਦਿੱਤਾ ਜਾਂਦਾ ਹੈ ਜ਼ੋ ਕਿ ਗੈਰ ਕਾਨੂੰਨੀ ਹੈ।ਅਜਿਹਾ ਕਰਨ ਨਾਲ ਨਗਰ ਨਿਗਮ ਦੀਆਂ ਸਟ੍ਰੀਟ ਲਾਈਟਾਂ ਤੇ ਬਿਜਲੀ ਦੇ ਲੋਡ ਤੇ ਕਾਫੀ ਅਸਰ ਪੈਂਦਾ ਹੈ ਜਿਸ ਨਾਲ ਸਟ੍ਰੀਟ ਲਾਈਟਾਂ ਅਤੇ ਬਿਜਲੀ ਦੀਆਂ ਤਾਰਾ ਸੜ ਜਾਂਦੀਆ ਹਨ, ਜਿਸ ਨਾਲ ਨਗਰ ਨਿਗਮ ਨੂੰ ਵਿੱਤੀ ਨੁਕਸਾਨ ਹੁੰਦਾ ਹੈ, ਇਸ ਦੇ ਨਾਲ ਸ਼ਹਿਰ ਵਾਸੀਆਂ ਨੂੰ ਵੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਦਾ ਹੈ।

ਉਹਨ੍ਹਾਂ ਸਮੂਹ ਸ਼ਹਿਰ ਵਾਸੀਆਂ ਅਤੇ ਵੱਖ ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਉਹ ਆਪਣੇ ਸਮਾਗਮਾਂ ਦੋਰਾਨ ਨਗਰ ਨਿਗਮ ਦੀ ਸਟ੍ਰੀਟ ਲਾਈਟ ਨਾਲ ਕੋਈ ਵੀ ਕੂਨੈਕਸ਼ਨ ਨਾ ਜ਼ੋੜਿਆ ਜਾਵੇ।ਅਜਿਹਾ ਕਰਨ ਵਾਲੇ ਦੋਸ਼ੀ ਪਾਸੋ ਬਣਦਾ ਜੁਰਮਾਨਾ ਵਸੂਲ ਕੀਤਾ ਜਾਵੇਗਾ ਅਤੇ ਉਸ ਦੇ ਖਿਲਾਫ ਨਗਰ ਨਿਗਮ ਦੇ ਰੂਲਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।